
## ਜਮਾਤ -ਸੱਤਵੀਂ ਪਾਠ-6 ਬ.ਲਦਾਂ ਵਾ.ਲਾ ਪਿਆਰਾ ਸਿੰਘ



## ਸਾਹਿਤ ਰੂਪ-ਕਹਾਣੀ ਲੇਖਕ-ਡਾ.ਹਰਨੇਕ ਸਿੰਘ ਕਲੇਰ



**ਪ੍ਰਸ਼ਨ (ੳ) ਪਿਆਰਾ ਸਿੰਘ ਦਾ ਨਿੱਤ-ਨੇਮ ਕੀ ਸੀ ?**

ਉੱਤਰ- ਪਿਆਰਾ ਸਿੰਘ ਹਰ-ਰੋਜ਼ ਚਾਰ ਵਜੇ ਉੱਠ ਕੇ ਪਸ਼ੂਆਂ ਨੂੰ ਪੱਠੇ ਪਾਉਂਦਾ, ਪਾਣੀ ਗੇੜ ਕੇ ਇਸ਼ਨਾਨ ਕਰਦਾ,ਬਲਦਾਂ ਦੀ ਖੁਰਲੀ ਵਿੱਚ ਹੱਥ ਮਾਰਦਾ ਤੇ ਆਪਣੀ ਘਰ ਵਾ.ਲੀ ਨੂੰ ਲੱਸੀ ਲਿਆਉਣ ਲਈ ਅਵਾਜ਼ ਦਿੰਦਾ। ਇਹ ਪਿਆਰਾ ਸਿੰਘ ਦਾ ਨਿੱਤ-ਨੇਮ ਸੀ।

**ਪਸ਼ਨ(ਅ) ਪਿਆਰਾ ਸਿੰਘ ਹਰ ਰੋਜ਼ ਸਵਖਤੇ ਖੇਤਾਂ ਵਿੱਚ ਜਾ ਕੇ ਕੀ ਕਰਦਾ ਸੀ ?**

ਉੱਤਰ- ਪਿਆਰਾ ਸਿੰਘ ਹਰ ਰੋਜ਼ ਸਵਖਤੇ ਖੇਤਾਂ ਵਿੱਚ ਜਾ ਕੇ ਰਾਤ ਦੀ ਬਣਾਈ ਸਕੀਮ ਅਨੁਸਾਰ ਆਪਣਾ ਕੰਮ ਸ਼ੁਰੂ ਕਰ ਲੈਂਦਾ ਸੀ।



**ਪ੍ਰਸ਼ਨ (ੲ) ਪਿਆਰਾ ਸਿੰਘ ਨੇ ਕਿਹੜੇ-ਕਿਹੜੇ ਢੰਗ ਤਰੀਕੇ ਆਪਣੇ ਬਾਪੂ ਦੀਦਾਰ ਸਿੰਘ ਤੋਂ ਸਿੱਖੇ ਸਨ?**

ਉੱਤਰ- ਹਰ ਰੋਜ਼ ਸਵਖਤੇ ਖੇਤਾਂ ਵਿੱਚ ਜਾਣਾ, ਹਰ ਵੱਟ-ਬੰਨ੍ਹੇ ਤੇ ਗੇੜਾ ਮਾਰਨਾ ਤੇ ਫ਼ਸਲ ਦਾ ਧਿਆਨ ਰੱਖਣਾ ਆਦਿ ਖੇਤੀ ਦੇ ਢੰਗ ਤਰੀਕੇ ਉਸ ਨੇ ਆਪਣੇ ਬਾਪੂ ਤੋਂ ਸਿੱਖੇ ਸਨ।।

**ਪ੍ਰਸ਼ਨ (ਸ)ਪਿਆਰਾ ਸਿੰਘ ਨੂੰ ਕਿਸੇ ਵੀ ਚੀਜ ਦੀ ਤੰਗੀ-ਤੁਰਸ਼ੀ ਨਹੀਂ ਸੀ, ਦੱਸੋ ਕਿਵੇਂ?**

ਉੱਤਰ-ਪਿਆਰਾ ਸਿੰਘ ਦਾ ਇੱਕ ਪੁੱਤਰ ਤੇ ਇੱਕ ਧੀ ਸੀ।ਉਸ ਦੇ ਘਰ ਦੋ ਮੱਝਾਂ, ਇੱਕ ਗਾਂ ਤੇ ਨਗੌਰੀ ਬ.ਲਦਾਂ ਦੀ ਜੋੜੀ ਸੀ। ਇਸ ਪ੍ਰਕਾਰ ਉਸ ਨੂੰ ਕਿਸੇ ਵੀ ਚੀਜ਼ ਦੀ ਤੰਗੀ ਤੁਰਸ਼ੀ ਨਹੀਂ ਸੀ।

**ਪ੍ਰਸ਼ਨ (ਹ)ਧੰਨ ਕੌਰ ਵੱਲੋਂ ਦਿੱਤੀ ਸਲਾਹ ਪਿਆਰਾ ਸਿੰਘ ਕਿਉਂ ਨਹੀਂ ਸੀ ਮੰਨਣੀ ਚਾਹੁੰਦਾ?**

ਉੱਤਰ-ਪਿਆਰਾ ਸਿੰਘ ਸਾਦਾ ਜੀਵਨ ਜਿਉਣ ਵਿੱਚ ਵਿਸ਼ਵਾਸ ਰੱਖਦਾ ਸੀ।ਉਹ ਕਿਸੇ ਦੀ ਰੀਸ ਵਿੱਚ ਅੱਡੀਆਂ ਚੁੱਕ ਕੇ ਫਾਹਾ ਨਹੀਂ ਲੈਣਾ ਚਾਹੁੰਦਾ ਸੀ।ਇਸ ਲਈ ਉਹ ਧੰਨ ਕੌਰ ਦੀ ਸਲਾਹ ਨਹੀਂ ਸੀ ਮੰਨਣੀ ਚਾਹੁੰਦਾ।

**ਪ੍ਰਸ਼ਨ(ਕ)ਪਿਆਰਾ ਸਿੰਘ ਆਪਣੇ ਦੋਂਹਾਂ ਬੱਚਿਆਂ ਦਾ ਵਿਆਹ ਕਿਹੋ-ਜਿਹਾ ਕਰਨਾ ਚਾਹੁੰਦਾ ਸੀ ?**

ਉੱਤਰ- ਪਿਆਰਾ ਸਿੰਘ ਆਪਣੀ ਧੀ ਦਾ ਵਿਆਹ ਸਿੱਧਾ-ਸਾਦਾ ਕਰਨਾ ਚਾਹੁੰਦਾ ਸੀ।ਉਹ ਆਪਣੇ ਮੁੰਡੇ ਦੇ ਵਿਆਹ 'ਤੇ ਵੀ ਕੋਈ ਦਾਜ ਦਹੇਜ਼ ਨਹੀਂ ਲੈਣਾ ਚਾਹੁੰਦਾ ਸੀ।

**ਪ੍ਰਸ਼ਨ (ਖ) ਪਿੰਡ ਦੇ ਲੋਕ ਪਿਆਰਾ ਸਿੰਘ ਦੇ ਖੇਤ ਦੀ ਫ਼ਸਲ ਅਤੇ ਸਬਜ਼ੀਆਂ ਕਿਉਂ ਖ਼ਰੀਦਦੇ ਸਨ ?**

ਉੱਤਰ- ਪਿਆਰਾ ਸਿੰਘ ਖੇਤ ਵਿੱਚ ਦੇਸੀ ਖਾਦ ਦੀ ਵਰਤੋਂ ਕਰਦਾ ਸੀ ਅਤੇ ਕੋਈ ਦਵਾਈ ਵਗੈਰਾ ਵੀ ਨਹੀਂ ਛਿੜਕਦਾ ਸੀ।ਇਸ ਕਰਕੇ ਪਿੰਡ ਦੇ ਲੋਕ ਉਸ ਦੀ ਫ਼ਸਲ ਅਤੇ ਸਬਜ਼ੀਆਂ ਖ਼ਰੀਦਦੇ ਸਨ।

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਦੇਧਨਾ (ਪਟਿ:) 99886-43700

**ਪ੍ਰਸ਼ਨ(ਗ) ਪਾਣੀ ਦੀ ਘਾਟ ਨੂੰ ਪੂਰਾ ਕਰਨ ਬਾਰੇ ਪਿਆਰਾ ਸਿੰਘ ਦੇ ਕੀ ਵਿਚਾਰ ਸਨ?**

ਉੱਤਰ- ਪਿਆਰਾ ਸਿੰਘ ਦਾ ਵਿਚਾਰ ਸੀ ਕਿ ਜੇਕਰ ਰੁੱਖ-ਬੂਟੇ ਲਾ ਕੇ ਕਿਸਾਨ ਧਰਤੀ ਨੂੰ ਹਰ-ਭਰਾ ਰੱਖਣ ਤਾਂ ਪਾਣੀ ਦੀ ਥੁੜ੍ਹ ਆਪਣੇ-ਆਪ ਪੂਰੀ ਹੋ ਜਾਵੇਗੀ।

**ਪ੍ਰਸ਼ਨ(ਘ) ਪਿੰਡ ਦਾ ਸਰਪੰਚ ਪਿਆਰਾ ਸਿੰਘ ਲਈ ਕੀ ਸੁਨੇਹਾ ਲਿਆਇਆ ਸੀ ?**

ਉੱਤਰ- ਪਿੰਡ ਦਾ ਸਰਪੰਚ ਪਿਆਰਾ ਸਿੰਘ ਲਈ ਸੁਨੇਹਾ ਲੈ ਕੇ ਆਇਆ ਸੀ ਕਿ ਖੇਤੀਬਾੜੀ ਮਹਿਕਮੇ ਦੇ ਬੰਦਿਆਂ ਨੇ ਕਿਸਾਨਾਂ ਨਾਲ ਕੁਦਰਤੀ ਖੇਤੀ ਬਾਰੇ ਗੱਲਾਂ ਕਰਨ ਆਉਣਾ ਹੈ।ਇਸ ਲਈ ਉਹ ਦਸ ਵਜੇ ਪੰਚਾਇਤ ਘਰ ਪਹੁੰਚ ਜਾਵੇ।



**ਪ੍ਰਸ਼ਨ 2. ਵਿਦਿਆਰਥੀ ਸ਼ਬਦ-ਅਰਥ ਪਾਠ-ਪੁਸਤਕ ਵਿੱਚੋਂ ਪੜ੍ਹਨਗੇ ਅਤੇ ਸਮਝਣਗੇ।**

**ਪ੍ਰਸ਼ਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

1. **ਟੁਣਕ-ਟੁਣਕ-** ਬਲਦਾਂ ਦੇ ਗਲ਼ ਪਾਈਆਂ ਟੱਲੀਆਂ ਟੁਣਕ-ਟੁਣਕ ਕਰ ਰਹੀਆਂ ਸਨ।
2. **ਦੱਬ ਕੇ ਵਾਹ ਤੇ ਰੱਜ ਕੇ ਖਾਹ-** ਪਿਆਰਾ ਸਿੰਘ ਦੱਬ ਕੇ ਵਾਹ ਤੇ ਰੱਜ ਕੇ ਖਾਹ ਵਾਲ਼ੀ ਖੇਤੀ ਵਿੱਚ ਯਕੀਨ ਕਰਦਾ ਸੀ।
3. **ਅੱਡੀਆਂ ਚੁੱਕ ਕੇ ਫਾਹਾ ਲੈਣਾ-** ਸਾਨੂੰ ਆਪਣੀ ਸਮਰੱਥਾ ਮੁਤਾਬਿਕ ਹੀ ਖਰਚ ਕਰਨਾ ਚਾਹੀਦਾ ਹੈ, ਕਿਸੇ ਦੀ ਰੀਸ ਵਿੱਚ ਅੱਡੀਆਂ ਚੁੱਕ ਕੇ ਫਾਹਾ ਲੈਣ ਦਾ ਕੋਈ ਫਾਇਦਾ ਨਹੀਂ।
4. **ਧੁਨ ਦਾ ਪੱਕਾ ਹੋਣਾ-** ਧੁਨ ਦੇ ਪੱਕੇ ਲੋਕ ਹੀ ਮੰਜ਼ਲ ਤੇ ਪੁੱਜਦੇ ਹਨ।
5. **ਤਾਰੀਫ਼ ਕਰਨਾ-** ਚੰਗੇ ਕੰਮ ਦੀ ਸਾਰੇ ਤਾਰੀਫ਼ ਕਰਦੇ ਹਨ।
5. **ਸਵਖਤੇ-** ਮੈਂ ਹਰ-ਰੋਜ਼ ਸਵਖਤੇ ਉੱਠਦਾ ਹਾਂ।
6. **ਧਰਤੀ ਤੋਂ ਗਿੱਠ ਉਚਾ ਹੋ ਗਿਆ-** ਆਪਣੇ ਪੁੱਤਰ ਦੀ ਪ੍ਰਸ਼ੰਸਾ ਸੁਣ ਕੇ ਕਰਮ ਸਿੰਘ ਧਰਤੀ ਤੋਂ ਗਿੱਠ ਉੱਚਾ ਹੋ ਗਿਆ।




ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700